International Journal of Information Movement Vol.I Issue VI (October 2016)
Website: ijim.in ISSN: 2456-0553 (online) Pages 36-40

# ਹਿੰਦੀ ਅਤੇ ਸੰਸਕ੍ਰਿਤ ਨਾਟਕ ਸਾਹਿਤ ਦੇ ਪਰਿਪੇਖ ਵਿਚ ਦੁਖਾਂਤ

**Dr.Beant Kaur**

Principal, Shivalik Girls College, Bhucho Mandi
(Former Retd. Associate Professor,
D.A.V College, Bathinda)
Email: beantsidhu933@gmail.com

ਸਾਰ:-
ਇਸ ਪੇਪਰ ਦਾ ਮੁੱਖ ਉਦੇਸ਼ ਹਿੰਦੀ ਅਤੇ ਸੰਸਕ੍ਰਿਤ ਨਾਟਕ ਵਿਚਲੇ ਦੁਖਾਂਤ ਦੀ ਵਿਧਾ ਹੈ। ਸਾਹਿਤ ਜਗਤ ਵਿੱਚ ਹਿੰਦੀ ਸੰਸਕ੍ਰਿਤ ਨਾਟਕਾਂ ਵਿੱਚ ਪੇਸ਼ ਕੀਤੇ ਗਏ ਦੁਖਾਂਤ ਦਾ ਸਿਧਾਂਤਕ ਅਤੇ ਰੂਪਕ ਪੱਖ ਪੇਸ਼ ਕਰਨ ਲਈ ਵੱਖ-ਵੱਖ ਕਰਨ ਲਈ ਵੱਖ-ਵੱਖ ਨਾਟਕਾਂ, ਨਾਟਕਾਰਾਂ ਅਤੇ ਉਹਨਾਂ ਵੱਲੋਂ ਪੇਸ਼ ਕੀਤੇ ਦੁਖਾਂਤ ਦੀ ਪੇਸ਼ਕਾਰੀ ਹੈ। ਇਸ ਸੰਦਰਭ ਵਿੱਚ ਧਾਰਮਿਕ ਅਤੇ ਰੁਮਾਂਸਵਾਦੀ ਨਾਟਕਾਂ ਵਿਚਲੇ ਦੁਖਾਂਤ ਪੇਪਰ ਦੇ ਦਾਇਰੇ ਵਿੱਚ ਲਿਆਂਦੇ ਗਏ ਹਨ।

ਕੂੰਜੀਗਤ ਸ਼ਬਦ :- ਦੁਖਾਂਤ, ਮਰਿਯਾਦਾਵਾਦੀ ਦੁਖਾਂਤ, ਯੂਨਾਨੀ ਦੁਖਾਂਤ, ਪੱਛਮੀ ਦੁਖਾਂਤ

ਵਿਅਕਤੀ ਹਰ ਪੜਾ ਤੇ ਸੰਘਰਸ਼ ਕਰਦਾ ਰਿਹਾ ਹੈ। ਵਿਅਕਤੀਗਤ ਸੰਘਰਸ਼ ਪ੍ਰਸਥਿਤੀਆਂ ਪ੍ਰਤੀ ਦਾ ਰੂਪ ਧਾਰ ਕੇ ਦੁਖਾਂਤ ਵਿਚ ਰੂਪਾਂਤਰਤ ਹੁੰਦਾ ਹੈ। ਪੱਛਮੀ ਨਾਟਕ-ਸਾਹਿਤ ਵਿਚ, ਦੁਖਾਂਤ ਨਾਟਕ ਪ੍ਰਬਲ ਰੂਪ ਵਿਚ ਸਾਡੇ ਸਾਹਮਣੇ ਹੈ। ਭਾਰਤੀ ਦੁਖਾਂਤ ਨਾਟਕ, ਪੱਛਮੀ ਨਾਟਕ ਤੋਂ ਪ੍ਰਭਾਵਿਤ ਮੰਨਿਆ ਜਾਂਦਾ ਹੈ। ਡਾ. ਗੁਰਦਿਆਲ ਸਿੰਘ ਫੁੱਲ ਦੇ ਸ਼ਬਦਾਂ ਵਿੱਚ, "ਕਿਸੇ ਬੋਲੀ ਤੇ ਕਿਸੇ ਦੇਸ਼ ਦੇ ਸਾਹਿਤ ਦੀ ਕਿਸੇ ਵਿਧਾ ਦਾ ਜਨਮ ਐਂਵੇ ਕਿਸੇ ਬਾਹਰਲੇ ਪ੍ਰਭਾਵ ਨਾਲ ਨਹੀਂ ਹੋਇਆ ਕਰਦਾ। ਉਸਦੀਆਂ ਕਈ ਆਧਾਰਿਤ ਸੰਭਾਵਾਨਾਂ ਹੁੰਦੀਆਂ ਹਨ ਜਾਂ ਇਉਂ ਕਹਿ ਲਓ ਕਿਸੇ ਬਾਹਰਲੀ ਸਾਹਿਤਕ ਵਿਧਾ ਦਾ ਕਿਸੇ ਦੇਸ਼ ਦੀ ਸਾਹਿਤਕ ਵਿਧਾ ਉਤੇ ਪ੍ਰਭਾਵ ਤਾਂ ਹੀ ਪਿਆ ਕਰਦਾ ਹੈ, ਜੇ ਕਿਸੇ ਦੇਸ਼ ਦੇ ਸਾਹਿਤ ਵਿਚ ਉਸ ਵਿਧਾ ਦੇ ਸਾਰੇ ਆਧਾਰਿਤ ਤੱਤ ਨਿਹਿਤ ਹੋਣ, ਕਿਸੇ ਬੋਲੀ ਦੇ ਸਾਹਿਤ ਵਿਚ ਪ੍ਰਭਾਵ ਬੀਜ ਉਦੋਂ ਹੀ ਉੱਗਿਆਂ ਕਰਦਾ ਹੈ ਜਦ ਜ਼ਮੀਨ ਪਹਿਲਾਂ ਪੂਰੀ ਤਰ੍ਹਾਂ ਤਿਆਰ ਹੋਵੇ।" ਸਾਡੇ ਦੇਸ਼, ਸਾਡੇ ਇਤਿਹਾਸ, ਸਭਿਅਤਾ ਅਤੇ ਸਿਆਸੀ ਸਥਿਤੀ ਤੋਂ ਉਤਪੰਨ ਸਮੱਗਰੀ ਨੇ ਦੁਖਾਂਤ ਨੂੰ ਜਨਮ ਦਿੱਤਾ। ਮਹਾਂਭਾਰਤ ਸਾਡੀ ਸਭਿਅਤਾ ਦਾ ਦੁਖਾਂਤ ਹੈ। ਰਾਮਾਇਣ ਦਸ਼ਰਥ ਤੇ ਸੀਤਾ ਜਾਂ ਆਦਰਸ਼ਵਾਦ ਦਾ ਘੋਰ ਦੁਖਾਂਤ ਭਾਰਤੀ ਸਭਿਅਤਾ ਤੋਂ ਜਨਮਦਾ ਹੈ ਜਿਸਨੂੰ ਕਿ ਸੰਸਕ੍ਰਿਤ ਅਤੇ ਹਿੰਦੀ ਦੁਖਾਂਤ ਨਾਟਕਾਰਾਂ ਨੇ ਬਾਖੂਬ ਚਿਤਰਿਆ ਹੈ। ਭਾਸ ਰਚਿੱਤ 'ਉਰੂਭੰਗ', ਭਵਭੂਤੀ ਰਚਿਤ 'ਉਤਰਾਮਚਰਿਤ', ਕਾਲੀਦਾਸ ਰਚਿਤ 'ਸ਼ੰਕੁਤਲਾ', ਵਿਸਾਖਾ ਦੱਤ ਰਚਿਤ 'ਮੁਦਰਾ ਰਕਸ਼ਕਸ', ਹਿਰਦੈਰਾਮ ਰਚਿਤ 'ਹਨੂੰਮਾਨ ਨਾਟਕ', ਕ੍ਰਿਸ਼ਨ ਜੀਵਣ ਲੱਛੀ ਦੁਖਾਂਤ ਨਾਟਕ ਹਨ। ਸੰਸਕ੍ਰਿਤ ਤੇ ਹਿੰਦੀ ਸਾਹਿਤ ਵਿਚ ਇਤਿਹਾਸਿਕ, ਪੁਰਾਣਕ ਰਾਜਨੀਤਕ ਅਤੇ ਸਮਾਜਿਕ ਖੇਤਰ ਵਿਚੋਂ ਲੈ ਕੇ ਦੁਖਾਂਤ ਨਾਟਕ ਸਿਰਜੇ ਗਏ। ਪੁਰਾਤਨ ਭਾਰਤੀ ਇਤਿਹਾਸ,ਮਿਥਿਹਾਸ, ਇਸਲਾਮ ਦੇ ਮਿਥਿਹਾਸ ਅਤੇ ਮੁਗਲ ਸਾਮਰਾਜ ਦੇ ਇਤਿਹਾਸ ਵਿਚੋਂ ਲਈਆਂ ਘਟਨਾਵਾਂ ਦਾ ਨਾਟਕੀਕਰਨ ਕੀਤਾ ਗਿਆ। ਇਸ ਤੋਂ ਬਿਨਾਂ ਸਮਕਾਲੀਨ ਸਮਾਜ ਦੀ ਹਰ ਸ਼੍ਰੇਣੀ ਵਿਚੋਂ ਕਥਾਨਕ ਲੈ ਕੇ ਦੁਖਾਂਤਕ ਕਾਰਜ ਸਿਰਜਣ ਦੀ ਲੀਹ ਪ੍ਰਚਲਿਤ ਹੈ, ਮਨੋਵਿਸ਼ਲੇਸ਼ਣ ਅਤੇ ਚਿੰਨ੍ਹਾਂ ਦੀ ਵਰਤੋਂ ਵੀ ਆਧੁਨਿਕ ਹਿੰਦੀ ਦੁਖਾਂਤ ਨਾਟਕ ਦੀ ਵਿਸ਼ੇਸ਼ਣ ਬਣੇ ਹਨ।

ਹਿੰਦੀ ਦੁਖਾਂਤ ਨਾਟਕਾਂ ਤੇ ਸੰਸਕ੍ਰਿਤ ਨਾਟਕ -ਪਰੰਪਰਾਵਾਂ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਕੁਝ ਰਚਨਾਵਾਂ ਵਿਚ ਸੰਸਕ੍ਰਿਤ ਅਤੇ ਯੂਨਾਨੀ ਨਾਟਕ-ਪਰੰਪਰਾਵਾਂ ਦਾ ਸੁਮੇਲ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ, ਸੰਸਕ੍ਰਿਤ ਨਾਟਕ ਪਰੰਪਰਾ, ਪੱਛਮੀ ਨਾਟਕ ਪਰੰਪਰਾ ਦੇ ਸਮਵਿੱਥ ਚਲਦੀ ਹੈ।ਜਿਵੇਂ ਜਿਵੇਂ ਇਤਿਹਾਸਿਕ ਪੱਛਮੀ ਦੁਖਾਂਤ ਨਾਟਕ ਪਰੰਪਰਾ ਦੇ ਅੰਤਰਗਤ ਉਘੜਵੇਂ ਰੂਪ ਵਿਚ ਉਜਾਗਰ ਹੁੰਦੇ ਹਨ। ਦੁਖਾਂਤ ਦੇ ਮੋਢੀ, ਯੂਨਾਨੀ ਦੁਖਾਂਤ ਨਾਟਕਾਰਾਂ ਦੁਆਰਾ ਹੋਣੀ ਨੂੰ ਅਟੱਲ ਮੰਨਿਆ ਗਿਆ। ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ, ਉਨ੍ਹਾਂ ਕਰਮਾਂ ਦੀ ਸਜ਼ਾ ਭੁਗਤਦਾ ਹੈ। ਇਸੇ ਦ੍ਰਿਸ਼ਟੀਕੋਣ ਨੂੰ ਸੰਸਕ੍ਰਿਤ ਦੁਖਾਂਤ ਨਾਟਕ ਪਰੰਪਰਾ ਦੇ ਅੰਤਰਗਤ ਭਾਸ, ਸੂਦਰਸ ਤੇ ਹਰਸ ਹਿੰਦੀ ਦੁਖਾਂਤ ਨਾਟਕ ਪਰੰਪਰਾ ਦੇ ਅੰਤਰਗਤ ਹਿਰਦੇ ਰਾਮ, ਕ੍ਰਿਸ਼ਨ ਜੀਵਣ ਲਛੀ ਰਾਮ, ਨੇਵਾਜ ਦੁਆਰਾ ਪ੍ਰਸਤੁਤ ਕੀਤਾ ਗਿਆ। ਪੱਛਮੀ ਦੁਖਾਂਤ ਨਾਟਕ ਪਰੰਪਰਾ ਦੇ ਅੰਤਰਗਤ ਮਰਿਯਾਦਾਵਾਦੀ ਪੁੱਠ ਨੂੰ ਰੁਮਾਂਸਵਾਦੀ ਲਹਿਰ ਨੇ ਤੋੜਿਆ, ਜਿਸਦਾ ਸਿਖ਼ਰ ਸ਼ੈਕਸਪੀਅਰ ਸੀ। ਸੰਸਕ੍ਰਿਤ ਤੇ ਹਿੰਦੀ ਨਾਟਕ ਪਰੰਪਰਾ ਦੇ ਅੰਤਰਗਤ ਵਿਸਾਖਾ ਦੱਤ, ਜਯ ਸਿੰਘ, ਨਿਵਾਸ ਦਾਸ, ਜੈ ਸ਼ੰਕਰ ਪ੍ਰਸ਼ਾਦ, ਮੁਨਸ਼ੀ ਪ੍ਰੇਮ ਚੰਦ, ਹਰਿਕ੍ਰਿਸ਼ਨ ਪ੍ਰੇਮੀ, ਉਪੇਂਦਰ ਨਾਥ ਅਸ਼ਕ, ਬਰਦਾਵਨ ਲਾਕ ਵਰਮਾ, ਮੋਹਨ ਰਾਕੇਸ਼ ਆਦਿ

ਦੁਖਾਂਤ ਨਾਟਕਕਾਰ ਹਨ ਜਿਨ੍ਹਾਂ ਨੇ ਇਤਿਹਾਸ ਪ੍ਰਸਿੱਧ ਵਿਅਕਤਿਤਵ ਨੂੰ ਆਪਣੇ ਦੁਖਾਂਤ ਨਾਟਕਾਂ ਦਾ ਵਿਸ਼ਾ ਬਣਾਇਆ।ਪੱਛਮੀ ਦੁਖਾਂਤ ਨਾਟਕ ਪਰੰਪਰਾ ਦੇ ਅੰਤਰਗਤ, ਸਮਾਨਾਤਾਵਾਦੀ ਦੁਖਾਂਤ ਨਾਟਕ ਨੂੰ ਪੇਸ਼ਕਾਰੀ ਦਾ ਮਾਧਿਅਮ ਬਣਾਇਆ ਤੇ ਯੂਨਾਨੀ ਦੁਖਾਂਤ ਨਾਟਕ ਨੂੰ ਪੇਸ਼ ਕੀਤਾ। ਸੰਸਕ੍ਰਿਤ ਤੇ ਹਿੰਦੀ ਨਾਟਕ ਪਰੰਪਰਾ ਦੇ ਅੰਤਰਗਤ ਭੱਟ ਨਾਰਾਇਣ, ਰਾਜ ਸ਼ੇਖਰ, ਬਦਰੀ ਨਾਥ, ਉਦੈ ਸ਼ੰਕਰ, ਆਦਿ ਅਜਿਹੇ ਹੀ ਦੁਖਾਂਤ ਨਾਟਕਕਾਰ ਹਨ ਜਿਨ੍ਹਾਂ ਨੇ ਪੁਰਾਤਨ ਵਿਸ਼ੈ ਵਸਤੂ ਨੂੰ ਨਵੀਨ ਸ਼ੈਲੀ ਵਿਚ ਢਾਲਿਆ, ਪੱਛਮੀ ਦੁਖਾਂਤ ਨਾਟਕ ਪਰੰਪਰਾ ਦੇ ਅੰਤਰਗਤ ਅਗਲਾ ਬਦਲਾਅ ਯਥਾਰਥਵਾਦੀ ਲਹਿਰ ਤੋਂ ਹੋਣਾ ਸੀ। ਇਸੇ ਦੌਰ ਤੇ ਆ ਕੇ ਸੰਸਕ੍ਰਿਤ ਦੁਖਾਂਤ ਨਾਟਕ-ਪਰੰਪਰਾ ਲੱਗਪੱਗ ਲੁਪਤ ਹੋ ਗਈ। ਹਿੰਦੀ ਦੁਖਾਂਤ ਨਾਟਕ ਪਰੰਪਰਾ ਇਸ ਪ੍ਰਭਾਵ ਨੂੰ ਪ੍ਰਤੱਖ ਨੂੰ ਵਿਚ ਕਬੂਲਦੀ ਹੈ। ਲਕਸ਼ਮੀਨਰਾਇਣ,ਤ੍ਰਿਲੋਚਣ ਪਾਲ, ਮੁਰਾਰੀ ਲਾਲ, ਗੋਬਿੰਦ ਦਾਸ, ਹਰਿਕਿਸ਼ਨ ਪ੍ਰੇਮੀ, ਉਦੈ ਸ਼ੰਕਰ ਭੱਟ, ਕਮਲੇਸ਼ਵਰ ਤੇ ਸ਼ੀਲ ਅਜਿਹੇ ਦੁਖਾਂਤ ਨਾਟਕਕਾਰ ਹਨ ਜੋ ਸਮਕਾਲੀ ਸਮਾਜਿਕ ਸਮੱਸਿਆਵਾਂ ਨੂੰ ਆਧਾਰ ਬਣਾਉਂਦੇ ਹਨ।

ਜੋ ਲੱਛਣ ਮਰਿਯਾਦਾਵਾਦੀ ਦੁਖਾਂਤ ਨਾਟਕ ਦੇ ਅੰਤਰਗਤ ਐਸਕਲੀਜ਼, ਸੋਫੋਕਲੀਜ਼, ਯੂਰੀਪੀਡੀਜ਼ ਵਿਚ ਪਾਏ ਗਏ, ਉਨ੍ਹਾਂ ਵਿਚ ਉੱਤਮ ਵਿਸ਼ੈ-ਵਸਤੂ ਤੇ ਮਹਾਨ ਚਰਿੱਤਰ ਦੀ ਪੋੜ੍ਹਤਾ ਤੇ ਉੱਦਾਤ ਭਾਵਨਾ ਤੇ ਬਲ ਦਿੱਤਾ ਗਿਆ। ਪੁਰਾਤਨ ਵਿਸ਼ਿਆ ਨੂੰ ਵਾਚਿਆਂ ਇਹੋ ਲੱਛਣ ਸੰਸਕ੍ਰਿਤ ਦੁਖਾਂਤ ਨਾਟਕ ਸਾਹਿਤ ਦੇ ਮੁਢਲੇ ਨਾਟਕਕਾਰਾਂ ਦੁਆਰਾ ਰਚਿਤ ਨਾਟਕਾਂ ਵਿਚ ਪਾਏ ਜਾਂਦੇ ਹਨ। ਇਨ੍ਹਾਂ ਦੇ ਵਿਸ਼ੇ ਰਮਾਇਣ, ਮਹਾਂਭਾਰਤ ਤੇ ਸਮੇਂ ਦੀਆਂ ਕਚਹਿਰੀਆਂ ਦੇ ਜੀਵਨ ਤੋਂ ਲਏ ਗਏ ਹਨ।ਸ਼ਕਤੀਸ਼ਾਲੀ ਬੀਰ ਰਸੀ ਸ਼ੈਲੀ ਵਿਚ ਰਚੇ ਗਏ ਹਨ। ਵੀਰ ਕਲਾ ਦੇ ਜੀਵਨ ਨੂੰ ਕਲਾਤਮਕ ਢੰਗ ਨਾਲ ਪ੍ਰਗਟਾਉਂਦੇ ਹਨ। ਇਨ੍ਹਾਂ ਦੀਆਂ ਘਟਨਾਵਾਂ ਦੀ ਵਾਪਰਨ ਗਤੀ ਬਹੁਤ ਤੇਜ਼ ਹੈ। ਮੁਢਲਾ ਕਰੁਣਾ ਰਸ ਪ੍ਰਧਾਨ ਨਾਟਕ 'ਉਰੁਭੰਗ' ਕ੍ਰਿਤ ਭਾਸ ਹੈ। ਉਰੂਭੰਗ ਵਿਚ ਕੌਰਵਾਂ ਦਾ ਨਾਇਕ ਦੁਰਯੋਧਨ ਅਤੇ ਭੀਮ ਦੋਵੇਂ ਯੁੱਧ ਵਿਦਿਆ ਤੋਂ ਪੂਰੀ ਤਰ੍ਹਾਂ ਸੁਚੇਤ ਹਨ। ਦੋਵਾਂ ਵਿਚ ਯੁੱਧ ਉਪਰੰਤ ਦੁਰਯੋਧਨ ਤੇ ਬਜਰ ਰੂਪ ਧਾਰਨ ਕਰਨ ਕਾਰਨ ਭੀਮ ਦੇ ਵਾਰ ਵਿਅਰਥ ਜਾਂਦੇ ਹਨ। ਜਦੋਂ ਦੁਰਯੋਧਨ ਭੀਮ ਤੇ ਭਾਰੂ ਹੋ ਜਾਂਦਾ ਹੈ ਤਾਂ ਸ਼੍ਰੀ ਕ੍ਰਿਸ਼ਨ ਦੁਰਯੋਧਨ ਦੇ ਸਭ ਤੋਂ ਕਮਜ਼ੋਰ ਸਰੀਰਕ ਅੰਗ 'ਪੱਟਾਂ' ਵਲ ਸੰਕੇਤ ਕਰਦੇ ਹਨ। ਭੀਮ ਦੁਆਰਾ ਯੁੱਧ ਨਿਯਮ ਤੋੜ ਕੇ ਪੱਟਾਂ ਤੇ ਵਾਰ ਕਰਨ ਕਾਰਨ ਦੁਰਯੋਧਨ ਅਪੰਗ ਹੋ ਜਾਂਦਾ ਹੈ। ਅਸਵਥਾਮਾ ਤਾਂ ਬਦਲਾ ਲੈਣ ਦੀ ਇੱਛਾ ਪ੍ਰਗਟ ਕਰਦਾ ਹੈ। 'ਉਰੂਭੰਗ' ਤੋਂ ਬਾਅਦ ਕਰੁਣਾਰਸ ਪ੍ਰਧਾਨ ਨਾਟਕ 'ਅਭਿਗਿਆਨ ਸ਼ੰਕੁਤਲਮ' ਕ੍ਰਿਤ ਕਾਲੀਦਾਸ ਹੈ। ਕਾਲੀਦਾਸ ਸੰਸਕ੍ਰਿਤ ਨਾਟਕ ਦੀ ਸਿਖ਼ਰ ਛੋਹਣ ਵਾਲਾ ਭਾਰਤ ਦਾ ਸਰਬੋਤਮ ਕਵੀ ਹੈ ਜਿਸਨੇ ਭਾਸ ਤੇ ਸੂਦਰਕ ਦੀ ਰਚਨਾ ਤੋਂ ਪ੍ਰੇਰਨਾ ਲਈ ਹੈ। 'ਅਭਿਗਿਆਨ ਸ਼ਕੁੰਤਲਮ' ਦੁਸ਼ਯੰਤ ਅਤੇ ਸ਼ਕੁੰਤਲਾ ਦੋਵੇਂ ਭੁੱਲ ਕਰਦੇ ਹਨ। ਪਤੀ-ਪਤਨੀ ਹੁੰਦੇ ਹੋਏ ਵੀ ਇੱਕ ਦੂਜੇ ਤੋਂ ਦੂਰ ਰਹਿਣ ਲਈ ਮਜ਼ਬੂਰ ਹੋ ਜਾਂਦੇ ਹਨ। ਰਾਜਾ ਦੁਸ਼ਯੰਤ ਆਪਣੀ ਪਤਨੀ ਨੂੰ ਪਛਾਨਣ ਤੋਂ ਅਸਮਰਥ ਹੋ ਜਾਣ ਕਾਰਨ ਉਸਨੂੰ ਪਤਨੀ ਵਜੋਂ ਸਵੀਕਾਰ ਨਹੀਂ ਕਰਦਾ। ਭਤੀ ਵੱਲੋਂ ਇਹ ਬੇਰੁਖ਼ੀ ਸ਼ਕੁੰਤਲਾ ਲਈ ਅਸਹਿ ਹੋ ਜਾਂਦੀ ਹੈ। ਜਦੋਂ ਦੁਸ਼ਯੰਤ ਆਪਣੀ ਭੁੱਲ ਦਾ ਗਿਆਨ ਹੁੰਦਾ ਹੈ ਤਾਂ ਉਸਦੇ ਮਨ ਵਿਚ ਆਪਣੀ ਪਤਨੀ ਲਈ ਵਿਯੋਗ ਜਾਗਦਾ ਹੈ ਤੇ ਉਹ ਆਤਮ-ਗਿਲਾਨੀ ਨਾਲ ਭਰ ਜਾਂਦਾ ਹੈ। ਉਹ ਆਪਣੀ ਸੁੱਧ-ਬੁੱਧ ਗੁਆ ਬੈਠਦਾ ਹੈ। ਉਹ ਸਨਿਆਸੀ ਜੀਵਨ ਗੁਜ਼ਾਰਦਾ ਹੈ, ਦੁਸ਼ਯੰਤ ਅਤੇ ਸ਼ਕੁੰਤਲਾ ਦੀ ਇਹ ਦਸ਼ਾ ਦਰਸ਼ਕਾਂ ਲਈ ਦੁਖਾਂਤਕ ਅਨੰਦ ਦਾ ਸੋਮਾ ਬਣ ਜਾਂਦੀ ਹੈ। ਭਵਭੂਤੀ ਰਚਿਤ 'ਓਤਰਾਮਚਰਿਤ' ਮਹਾਨ ਕ੍ਰਿਤ ਹੈ।ਕਾਲੀਦਾਸ ਤੇ ਭਵਭੂਤੀ ਦੋਵੇਂ ਹੀ ਪਰੰਪਰਾ ਦੇ ਧਾਰਨੀ ਹਨ ਅਤੇ ਦੋਵੇਂ ਹੀ ਪਰੰਪਰਾ ਨੂੰ ਆਧਾਰ ਬਣਾਉਂਦੇ ਹਨ ਪਰ ਦ੍ਰਿਸ਼ਟੀਕੋਣ ਵਿਚ ਵੱਖਰੇ ਹਨ। 'ਉਤਰਾਮਚਰਿਤ' ਦਾ ਨਾਇਕ ਰਾਮ ਇਕ ਆਦਰਸ਼ ਰਾਜਾ ਹੈ। ਪਰਜਾ ਪ੍ਰਤੀ ਫਰਜ਼ ਤੋਂ ਪੂਰੀ ਤਰ੍ਹਾਂ ਸੁਚੇਤ ਹੈ। ਰਾਮ ਪਿਆਰ ਨੂੰ ਤਿਲਾਂਜਲੀ ਦੇ ਕੇ ਕਰਤੱਵ ਨਿਭਾਉਂਦਾ ਹੈ। ਪਰਜਾ ਵਿਚੋਂ ਕਿਸੇ ਇਕ ਵਿਅਕਤੀ ਦੀ ਟਿੱਪਣੀ ਸਦਕਾ ਉਹ ਆਪਣੀ ਆਦਰਸ਼ਕ ਪਤਨੀ ਸੀਤਾ ਨੂੰ ਛਲ ਨਾਲ ਜੰਗਲ ਭੇਜ ਦਿੰਦਾ ਹੈ। ਸੀਤਾ ਲਈ ਆਪਣੇ ਪਤੀ ਦਾ ਇਹ ਛਲ ਅਸਹਿ ਹੋ ਜਾਂਦਾ ਹੈ, ਰਾਮ ਅਤੇ ਸੀਤਾ ਦੋਹਾਂ ਦੇ ਮਨਾ ਵਿਚ ਵਿਯੋਗਮਈ ਅਵਸਥਾ ਅਤੇ ਪੁਨਰ ਮਿਲਣ ਦੀ ਇੱਛਾ ਉਨ੍ਹਾਂ ਨੂੰ ਹਰ ਸਮੇਂ ਦੁਖੀ ਕਰਦੀ ਹੈ। ਸੀਤਾ ਆਦਰਸ਼ਕ ਪਤਨੀ ਹੈ। ਰਾਮ ਆਦਰਸ਼ਕ ਵਿਅਕਤੀਤਵ ਵਾਲਾ ਹੋਣ ਤੇ ਵੀ ਗਲਤੀ ਕਰਦਾ ਹੈ।

ਭਾਸ ਰਚਿਤ 'ਉਰੂਭੰਗ', ਕਾਲੀਦਾਸ ਰਚਿਤ 'ਅਭਿਗਿਆਨ ਸ਼ਕੁੰਤਲਮ' ਭਵਭੂਤੀ ਰਚਿਤ 'ਉਤਰਾਮਚਰਿਤ', ਦੁਖਾਂਤ ਨਾਟਕਾਂ ਨੂੰ ਯੂਨਾਨੀ ਦੁਖਾਂਤ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ। ਧਰਮ ਪ੍ਰਤੀ ਸ਼ਰਧਾਮਈ ਦ੍ਰਿਸ਼ਟੀ ਜੇਕਰ ਯੂਨਾਨੀ ਦੁਖਾਂਤ ਵਿਚੋਂ ਉਜਾਗਰ ਹੁੰਦੀ ਹੈ ਤਾਂ ਸੰਸਕ੍ਰਿਤ ਨਾਟਕ ਵਿਚ ਵੀ ਉਨ ਹੀ ਪ੍ਰਬਲ ਰੂਪ ਵਿਚ ਸਾਕਾਰ ਹੋਈ ਹੈ। ਇਹਨਾਂ ਦੁਖਾਂਤ ਨਾਟਕਾਂ ਵਿਚ ਚਰਿੱਤਰ ਉੱਤਮ ਅਤੇ ਆਦਰਸ਼ਕ ਹੋਣ ਤੇ ਵੀ ਭੁੱਲ ਕਰਦੇ ਹਨ। ਭੀਮ। ਦੁਸ਼ਯੰਤ ਤੇ ਰਾਮ ਅਜਿਹੇ ਹੀ ਆਦਰਸ਼ਕ ਚਰਿੱਤਰ ਹਨ। ਜੇ ਯੂਨਾਨੀ ਦੁਖਾਂਤ ਨਾਟਕ ਵਿਚ ਕਰੁਣਾ ਭਾਵ ਵਸ਼ਿਸ਼ਟ ਰੂਪ ਵਿਚ ਉਜਾਗਰ ਹੁੰਦਾ ਹੈ ਤਾਂ ਸ਼ਕੁੰਤਲਾ ਧਰਤੀ ਨੂੰ ਫਟਣ ਲਈ ਤਰਲੇ ਕਰਦੀ ਕਰੁਣਾ ਦੀ ਸਾਕਾਰ ਮੂਰਤ ਅਖਤਿਆਰ ਕਰ ਜਾਂਦੀ ਹੈ। ਭਵਭੂਤੀ ਰਚਿਤ 'ਉਤਰਾਮਚਰਿਤ' ਨੂੰ ਯੂਰੀਪੀਡੀਜ਼ ਦੇ ਦੁਖਾਂਤ ਨਾਟਕਾਂ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ। 'ਉਰੂਭੰਗ' ਪਹਿਲਾ ਕਰੁਣਾਤਮਕ ਨਾਟਕ ਹੈ। ਅੰਤ ਤੇ ਦੁਰਯੋਧਨ ਬੇਸ਼ੱਕ ਇਸਨੂੰ ਪਰਮਾਤਮਾ ਵੱਲੋਂ ਸਜਾ ਸਮਝਦਾ ਹੈ। ਇਸਦਾ ਮੂਲ ਸਰੂਪ ਦੁਖਾਂਤਮਕ ਹੈ ਜੋ ਕਰੁਣਾ ਦੇ ਭਾਵਾਂ ਦਾ ਸੰਚਾਰ ਕਰਦਾ ਹੈ। ਦਸਰਥ ਓਝਾ 'ਉਰੂਭੰਗਾ' ਨੂੰ ਸ਼ੋਕਾਤਮਕ ਨਾਟਕਾਂ ਚੋਂ ਪ੍ਰਸਿੱਧ ਆਖਦੇ ਹਨ। ਗੁਲਾਬ ਰਾਏ ਅਨੁਸਾਰ, "ਇਹ ਪਹਿਲਾਂ ਦੁਖਾਂਤ ਨਾਟਕ ਹੈ।" ਇਨ੍ਹਾਂ ਨਾਟਕਾਂ ਵਿਚ ਯੂਨਾਨੀ ਦੁਖਾਂਤ ਨਾਟਕਾਂ ਵਾਂਗ ਭਾਵਾਂ ਦਾ ਵਿਰੇਚਨ ਹੁੰਦਾ ਹੈ, ਕਰੁਣਾਤਮਕ ਵਾਤਾਵਰਣ ਛਾਇਆ ਰਹਿੰਦਾ ਹੈ।

ਯੂਨਾਨੀ ਦੁਖਾਂਤ ਨਾਟਕ ਤੋਂ ਬਾਅਦ ਸਾਹਿਤਕ ਖੇਤਰ ਵਿਚ ਧਾਰਮਿਕ ਵਿਸ਼ਿਆ ਨੂੰ ਤਿਲਾਂਜਲੀ ਦੇ ਦਿੱਤੀ ਗਈ। ਇਸ ਸਾਰਥਕ ਸੰਸਾਰ ਤੋਂ ਉਪਰਾਮ ਹੋ ਕੇ ਕਲਪਨਾ ਦਾ ਸਹਾਰਾ ਲਿਆ।ਜਿਸ ਕਾਰਨ ਰੁਮਾਂਸਵਾਦੀ ਦੁਖਾਂਤ ਨਾਟਕ ਹੋਂਦ ਵਿਚ ਆਇਆ।ਇਸਨੂੰ ਬੁੱਧੀ ਤੋਂ ਭਾਵਾਂ ਦਾ ਬਦਲਾਅ ਆਖਿਆ ਗਿਆ। ਪੱਛਮੀ ਦੁਖਾਂਤ ਨਾਟਕ-ਪਰੰਪਰਾ ਦੇ ਅੰਤਰਗਤ ਸ਼ੈਕਸਪੀਅਰ ਨੂੰ ਇਸ ਪਰੰਪਰਾ ਦਾ ਸਿਖਰ ਮੰਨਿਆ ਗਿਆ। ਜਿੱਥੇ ਇਹ ਬਦਲਾਅ ਪੱਛਮੀ ਦੁਖਾਂਤ ਨਾਟਕ ਸਾਹਿਤ 'ਚ ਦ੍ਰਿਸ਼ਟੀਗੋਚਰ ਹੁੰਦਾ ਹੈ। ਉਥੇ ਸੰਸਕ੍ਰਿਤ ਦੁਖਾਂਤ ਨਾਟਕ ਸਾਹਿਤ ਵਿਚ ਵੀ ਪੁਰਾਤਨ ਬੰਧਨਾਂ ਨੂੰ ਤੋੜ ਕੇ ਇਤਿਹਾਸ ਪ੍ਰਸਿੱਧ ਨਾਇਕਤਵ ਰਾਹੀਂ ਸਾਹਮਣੇ ਆਉਂਦਾ ਹੈ। ਸੰਸਕ੍ਰਿਤ ਦੁਖਾਂਤ ਨਾਟਕ-ਸਾਹਿਤ 'ਚ ਵਿਸ਼ਾਖਾ ਦੱਤ ਅਤੇ ਜਯ ਸਿੰਘ ਦੇ ਦੁਖਾਂਤ ਨਾਟਕਾਂ 'ਚ ਅਜਿਹੇ ਲੱਛਣ ਉੱਘੜ ਕੇ ਸਾਹਮਣੇ ਆਏ ਹਨ। ਵਿਸ਼ਾਖਾ ਦੱਤ ਜਾਤ ਦੇ ਖੱਤਰੀ ਨੇ ਆਪਣੀ ਭਾਂਤ ਦਾ ਵੱਖਰਾ ਸੰਸਕ੍ਰਿਤ ਨਾਟਕ 'ਮੁਦਰਾਰਕਸ਼ਕ' ਲਿਖਿਆ। ਇਸ ਵਿਚ ਰਾਕਸ਼ ਨੂੰ ਕੇਂਦਰ ਮੰਨ ਕੇ, ਉਸਦੇ ਜੀਵਨ ਦੀਆਂ ਦੁਖਾਂਤ ਪੂਰਨ ਪ੍ਰਸਥਿਤੀਆਂ ਦੀ ਅਭਿਵਿਅਕਤੀ ਕੀਤੀ ਹੈ।ਰਾਕਸ਼ ਜੋ ਕਿ ਨੰਦ ਵੰਸ਼ ਦਾ ਮੰਤਰੀ ਹੈ ਉਹ ਇਹ ਪ੍ਰਣ ਕਰਦਾ ਹੈ ਕਿ ਉਹ ਨੰਦ ਵੰਸ਼ ਦੀ ਬਰਬਾਦੀ ਕਰੇਗਾ। ਚਾਣਕਯ ਚੰਦਰ ਗੁਪਤ ਤੇ ਰਾਕਸ਼ 'ਚ ਸੰਧੀ ਕਰਵਾ ਕੇ ਪਾਟਿਲ ਪੁੱਤਰ ਦੇ ਆਕਰਮਣ ਲਈ ਅਸਮਰਥ ਹੋਣ ਤੇ ਨਗਰ ਉਸਨੂੰ ਸਮਰਪਿਤ ਕਰ ਦਿੰਦਾ ਹੈ। ਰਾਜਵੰਸ਼ ਦਾ ਅੰਤਮ ਰਾਜਾ ਸਾਧੂ ਹੋ ਜਾਂਦਾ ਹੈ। ਰਾਕਸ਼ ਇਧਰ-ਉੱਧਰ ਛੜਯੰਤਰ ਕਰਦਾ ਵਿਖਾਇਆ ਗਿਆ ਹੈ। ਵਿਸ਼ਕੰਨਯਾ ਤੋਂ ਚੰਦਰ ਗੁਪਤ ਦੀ ਹੱਤਿਆ ਕਰਾਉਣ ਦਾ ਯਤਨ ਅਸਫਲ ਹੁੰਦਾ ਹੈ, ਰਾਕਸ਼ ਦਾ ਪੁੱਤਰ ਉਸਦੀ ਸਹਾਇਤਾ ਕਰਦਾ ਹੈ। ਚਾਣਕਯ ਇਹ ਚਾਹੁੰਦਾ ਹੈ ਕਿ ਰਾਕਸ਼ ਨੂੰ ਚੰਦਰ ਗੁਪਤ ਦਾ ਮੰਤਰੀ ਬਣਾਇਆ ਜਾਵੇ ਪਰੰਤੂ ਰਾਕਸ਼ ਸ਼ਾਸ਼ਨ ਦੀ ਵਾਗਡੋਰ ਚਾਹੁੰਦਾ ਹੈ। ਜਾਸੂਸ ਹੌਲੀ-ਹੌਲੀ ਰਾਜਾ ਦੇ ਦੁਸ਼ਮਣ ਮੁਕਟ ਦਾਸ ਦਾ ਪਤਾ ਕਰ ਲੈਂਦੇ ਹਨ।ਰਾਕਸ਼ ਦੇ ਸਾਰੇ ਯਤਨ ਅਸਫਲ ਹੁੰਦੇ ਹਨ। ਚੰਦਰ ਗੁਪਤ ਤੇ ਚਾਣਕਯ 'ਚ ਵਿਵਾਦ ਹੁੰਦਾ ਹੈ।ਚਾਣਕਾਯ ਆਪਣੇ ਪਦ ਤੋਂ ਅਸਤੀਫਾ ਦੇ ਦਿੰਦਾ ਹੈ। ਰਾਕਸ਼ ਸੋਚਦਾ ਹੈ ਚੰਦਰ ਗੁਪਤ ਉਸਦੀ ਮੁੱਠੀ ਵਿਚ ਹੈ।ਰਾਕਸ਼ ਅਤੇ ਚੰਦਰ ਗੁਪਤ ਇੱਕ ਦੂਜੇ ਨੀਵਾਂ ਦਿਖਾਉਣ ਲੱਗ ਜਾਂਦੇ ਹਨ। ਇਸ ਪ੍ਰਕਾਰ ਨਾਟਕ ਦੇ ਵਿਸ਼ਾ-ਵਸਤੂ, ਮੌਤ, ਨਿਰਾਸ਼ਾ ਤੇ ਰਾਕਸ਼ ਨੂੰ ਪ੍ਰਮੁੱਖ ਪਾਤਰ ਵਜੋਂ ਉਭਾਰਿਆ ਗਿਆ ਹੈ ਜੋ ਕਿ ਬਦਲਾ ਲੈਣ ਵਿਚ ਅਸਫਲ ਰਹਿੰਦਾ ਹੈ, ਜਯ ਸਿੰਘ ਨੇ 'ਹਮੀਰ ਗਰਦਨ' ਦੇ ਅੰਤਰਗਤ ਵੀ ਇਤਿਹਾਸਿਕ ਪਾਤਰ ਲਏ। ਗੁਜਰਾਤ ਦੇ ਹਿੰਦੂ ਰਾਜਾ ਵਸਤੂ ਮਾਲਾ ਦੁਆਰਾ ਤੁਰਕ ਹਮੀਰ ਨੂੰ ਪਰਾਜਿਤ ਕਰਕੇ ਉਸਦੀ ਅਣਖ ਨੂੰ ਚਕਨਾਚੂਰ ਹੁੰਦੇ ਵਿਖਾਇਆ ਹੈ। ਇਸ ਨਾਟਕ ਵਿਚ ਬੁੱਧ, ਪਾਖੰਡ ਅਤੇ ਦਵੰਦ ਦਾ ਵਾਤਾਵਰਣ ਚਿਤਰਿਆ ਹੈ। ਤੁਰਕੀ ਸਿਪਾਹੀਆਂ ਦੁਆਰਾ ਇਸ ਵਿਚ ਮੇਵਾੜ ਦੇ ਰਾਜਾ ਜੈਤੁਲ ਦੇ ਰਾਜ ਵਿਚ ਹਿੰਸਾਤਮਕ ਪ੍ਰਸਥਿਤੀਆਂ ਦਾ ਪ੍ਰਦਰਸ਼ਨ ਕੀਤਾ ਹੈ। ਹਮੀਰ ਆਪਣੇ ਹੰਕਾਰ 'ਚ ਚੂਰ ਵਸਤੂਪਾਲ ਤੇ ਵੀ ਆਕਰਮਣ ਕਰਕੇ ਉਸਨੂੰ ਗੁਲਾਮ ਬਣਾਉਣਾ ਚਾਹੁੰਦਾ ਹੈ। ਵਸਤੂਪਾਲ ਦੀ ਨੀਤੀ ਨਾਲ ਉਸਨੂੰ ਹਾਰ ਖਾਣੀ ਪੈਂਦੀ ਹੈ। ਹਮੀਰ ਨਾਇਕ ਹੈ ਜਿਸਦਾ ਹੰਕਾਰ ਉਸਦੀ ਹਾਰ ਦਾ ਕਾਰਣ ਬਣਦਾ ਹੈ।

ਪੱਛਮੀ ਦੁਖਾਂਤ ਨਾਟਕ ਸਾਹਿਤ ਦੇ ਅੰਤਰਗਤ ਇਕ ਅਜਿਹਾ ਦੌਰ ਆਇਆ ਜਦੋਂ ਕਿ ਕਥਾਨਕ ਪੁਰਾਤਨ ਗ੍ਰੰਥਾਂ ਤੋਂ ਲਏ ਗਏ, ਸ਼ੈਲੀ ਨਵੀਨ ਵਰਤੀ ਗਈ। ਇਹ ਲੱਛਣ ਭੱਟ ਨਰਾਇਣ ਰਚਿਤ 'ਬੇਣੀ ਸੰਹਾਰ' ਅਤੇ ਰਾਜ ਸ਼ੇਖਰ ਰਚਿਤ 'ਬਾਲ ਰਮਾਇਣ' ਨਾਟਕਾਂ ਵਿਚ ਮਿਲਦੇ ਹਨ। ਭੱਟ ਨਰਾਇਣ ਰਚਿਤ 'ਬੇਣੀ ਸੰਹਾਰ' ਮਹਾਂਭਾਰਤ ਦੀ ਘਟਨਾ ਤੇ ਆਧਾਰਿਤ ਹੈ। ਦਰੋਪਦੀ ਦਾ ਅਪਮਾਨ ਤੇ ਉਸਦੀ ਪ੍ਰਤਿਗਿਆ ਇਸਦਾ ਮੂਲ ਵਿਸ਼ਾ ਹਨ। ਦੁਰਯੋਧਨ ਦਰੋਪਦੀ ਦੇ ਕੇਸ ਫੜ ਕੇ ਸਭਾ ਵਿਚ ਘਸੀਟ ਕੇ ਲਿਆਉਂਦਾ ਹੈ ਤਾਂ ਦਰੋਪਦੀ ਪ੍ਰਤਿਗਿਆ ਕਰਦੀ ਹੈ ਕਿ ਉਹ ਉਦੋਂ ਤੱਕ ਆਪਣੇ ਕੇਸ ਨਹੀਂ ਬੰਨੇਗੀ ਜਦੋਂ ਤੱਕ ਅਪਮਾਨ ਦਾ ਬਦਲਾ ਨਹੀਂ ਲੈ ਲਵੇਗੀ। ਦੁਰਯੋਧਨ ਰਾਜਾ ਹੈ। ਦਰੋਪਦੀ, ਦੁਰਯੋਧਨ ਦੁਆਰਾ ਜੂਏ ਵਿਚ ਜਿੱਤੀ ਹੋਈ ਹੈ। ਭਾਵੇਂ ਜੂਏ ਵਿਚ ਜਿੱਤੀ ਹੋਣ ਕਾਰਨ ਦਰੋਪਦੀ ਤੇ ਉਸਦਾ ਪੂਰਾ ਹੱਕ ਹੈ ਪ੍ਰੰਤੂ ਮਾਨਵੀ ਦ੍ਰਿਸ਼ਟੀਕੋਣ ਤੋਂ ਬਹੁਤ ਵੱਡੀ ਗਲਤੀ ਹੈ। ਇਸ ਗਲਤੀ ਦਾ ਪਰਿਮਾਪ ਵੰਸ਼ ਦੇ ਨਾਸ਼ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ। ਵਿਸ਼ਵਾ ਨਾਥ ਮਿਸ਼ਰ ਆਖਦੇ ਹਨ, 'ਵੀਰ ਭਾਵਨਾ ਨਾਲ ਓਤਪੋਤ ਅਤੇ ਸ਼ਕਤੀ ਨਾਲ ਉਦਘਾਟਨ ਕਰਨਾ ਵਾਲਾ ਸੰਸਕ੍ਰਿਤ ਦਾ ਇਹ ਇਕੱਲਾ ਨਾਟਕ ਹੈ," ਰਾਜ ਸ਼ੇਖਰ ਕ੍ਰਿਤ 'ਬਾਲ ਨਰਾਇਣ' ਵਿਚ ਰਾਵਣ ਨੂੰ ਪਾਤਰ ਵਜੋਂ ਉਭਾਰਿਆ ਹੈ। ਉਸਨੂੰ ਆਪਣੇ ਬਲ ਦਾ ਅਭਿਮਾਨ ਹੈ। ਜਿਸ ਕਾਰਨ ਸ਼ਿਵ ਧਨੁਸ਼ ਤੋੜ ਦਿੰਦਾ ਹੈ, ਤੇ ਪ੍ਰਤਿਗਿਆ ਕਰਦਾ ਹੈ ਕਿ ਸੀਤਾ ਦੇ ਪਤੀ ਨੂੰ ਹਰ ਰੂਪ ਵਿਚ ਪਰਾਜਿਤ ਕਰੇਗਾ।ਰਾਮ ਦੁਆਰਾ ਅਪਮਾਨਤ ਹੋਣ ਤੇ ਕਰੋਧਤ ਹੋ ਜਾਂਦਾ ਹੈ। ਸੀਤਾ ਹਰਣ ਤੋਂ ਬਾਅਦ ਵੀ ਇਹ ਅਨੁਭਵ ਨਹੀਂ ਹੁੰਦਾ ਕਿ ਉਸਨੇ ਨੈਤਿਕ ਅਤੇ ਆਚਰਣਕ ਗਲਤੀ ਕੀਤੀ ਹੈ। ਭੱਟ ਨਰਾਇਣ ਅਤੇ ਰਾਜ ਸ਼ੇਖਰ ਦੁਆਰਾ 'ਮਹਾਂਭਾਰਤ' ਅਤੇ 'ਰਾਮਾਇਣ' ਵਿਚੋਂ ਵਿਸ਼ਿਆਂ ਨੂੰ ਚੁਣ ਕੇ ਸੁਲਝੀ ਹੋਈ ਭਾਸ਼ਾ ਸ਼ੈਲੀ ਵਿਚ ਪ੍ਰਸਤੁਤ ਕੀਤਾ ਗਿਆ ਹੈ। ਜਿਹੜੇ ਲੱਛਣ ਗੈਟੇ, ਬਰਾਉਨਿੰਗ ਅਤੇ ਮੇਟਰਲਿੰਕ ਦੇ ਦੁਖਾਂਤ ਨਾਟਕਾਂ ਵਿਚ ਪਾਏ ਜਾਂਦੇ ਹਨ ਉਹ ਲੱਛਣ ਹੀ ਭੱਟ ਨਰਾਇਣ ਤੇ ਰਾਜ ਸ਼ੇਖਰ ਦੇ ਇਹਨਾਂ ਨਾਟਕਾਂ ਵਿਚ ਪਾਏ ਗਏ ਹਨ।

ਭਾਵੇਂ ਸੰਸਕ੍ਰਿਤ ਨਾਟਕ ਦੀ ਪਰੰਪਰਾ ਮੁੱਕ ਗਈ ਪਰ ਐਨੀ ਸ਼ਕਤੀਸ਼ਾਲੀ ਹੈ ਕਿ ਭਾਰਤ ਦੀਆਂ ਸਾਰੀਆਂ ਬੋਲੀਆਂ ਦੇ ਨਾਟਕਾਂ ਦਾ ਅਰਮ ਸ੍ਰੋਤ ਹੈ। ਜਦ ਅੰਗਰੇਜ਼ੀ ਦੇ ਪ੍ਰਭਾਵ ਨਾਲ 18ਵੀਂ ਸਦੀ ਵਿਚ ਸ਼ੈਕਸ਼ਪੀਅਰ ਅਤੇ ਉਸਦੇ ਸਮਕਾਲੀ ਅੰਗਰੇਜ਼ੀ ਨਾਟਕਾਂ ਨੂੰ ਸਤਿਕਾਰਿਆ ਗਿਆ ਤਾਂ ਉਨ੍ਹਾਂ ਦੇ ਅਨੁਵਾਦ ਹੋਣੇ ਆਰੰਭੇ, ਕੌਮੀ ਵਿਰਸੇ ਦੀ ਸੂਝ ਵਾਲਿਆਂ ਨੇ ਆਪਣੇ ਨਾਟਕੀ ਵਿਰਸੇ ਨੂੰ ਫਰੋਲਿਆਂ ਤੇ ਲੱਗ ਭੱਗ ਹਰ ਬੋਲੀ ਨੇ ਸੰਸਕ੍ਰਿਤ ਨਾਟਕ ਦਾ ਉਤਰਾ ਸ਼ੁਰੂ ਹੋ ਗਿਆ ਤੇ ਸੰਸਕ੍ਰਿਤ ਨਾਟਕ ਦਾ ਮਿਆਰ ਛੇਤੀ-ਛੇਤੀ ਡਿੱਗਣ ਲਗ ਪਿਆ ਸੀ। 18ਵੀਂ ਸਦੀ ਤੱਕ ਸੰਸਕ੍ਰਿਤ ਨਾਟਕ ਲਿਖਿਆ ਜਾਂਦਾ ਰਿਹਾ ਤੇ ਸੰਸਕ੍ਰਿਤ ਨਾਟਕ ਦੀ ਪਰੰਪਰਾ ਸੁਰਜੀਤ

ਰਹੀ। ਜਿਹੜੇ ਪ੍ਰਭਾਵ ਪੱਛਮੀ ਦੁਖਾਂਤ ਨਾਟਕ ਪਰੰਪਰਾ ਤੇ ਅੰਤਰਗਤ ਉਭਰਵੇਂ ਰੂਪ ਵਿਚ ਸਾਹਮਣੇ ਆਏ ਉਹ ਲੱਛਣ ਸੰਸਕ੍ਰਿਤ ਦੁਖਾਂਤ ਨਾਟਕ ਪਰੰਪਰਾ ਵਿਚ ਵੀ ਸਮੇਂ ਸਮੇਂ ਉਜਾਗਰ ਹੋਏ।

ਕੁਝ ਸਮੇਂ ਲਈ ਇਹੋ ਧਾਰਨਾ ਰਹੀ ਕਿ ਹਿੰਦੀ ਨਾਟਕ ਸਾਹਿਤ ਪੁਰਾਣਾ ਨਹੀਂ। ਡਾ. ਗ਼ੁਲਾਬ ਰਾਏ ਅਨੁਸਾਰ, "ਜੇ ਹਿੰਦੀ ਸਾਹਿਤ ਦਾ ਜਨਮ ਇਕ ਹਜ਼ਾਰ ਸਾਲ ਪਹਿਲਾਂ ਤੋਂ ਹੈ ਤਾਂ ਹਿੰਦੀ ਦੇ ਨਾਟਕਾਂ ਦਾ ਇਤਿਹਾਸ ਕੋਈ ਬਹੁਤਾ ਪੁਰਾਣਾ ਨਹੀਂ।" ਆਧੁਨਿਕ ਹਿੰਦੀ ਨਾਟਕ ਦੇ ਨਿਰਮਾਤਾ ਹਰੀਸ਼ ਚੰਦਰ ਨੇ ਆਪਣੀ ਪੁਸਤਕ 'ਨਾਟਕ' ਵਿਚ 'ਦੇਵਮਾਯਾ ਪ੍ਰਪੰਚ', ਵਿਚ 'ਪ੍ਰਭਾਵਤੀ' ਅਤੇ ਅਨੰਦ ਰਘੁਨੰਦਨ ਨੂੰ ਹੀ ਨਾਟਕ ਰੀਤ ਤੇ ਆਧਾਰਿਤ ਨਾਟਕ ਮੰਨਿਆ ਹੈ।ਗੁਲਾਬ ਰਾਏ ਅਤੇ ਬਾਬੂ ਬਜਰਤਨ ਦਾਸ 'ਆਨੰਦ ਰਘੁਨੰਦਨ' ਨੂੰ ਹੀ ਹਿੰਦੀ ਦਾ ਸਭ ਤੋਂ ਪਹਿਲਾ ਨਾਟਕ ਮੰਨਦੇ ਹਨ। ਡਾ. ਹਜ਼ਾਰੀ ਪ੍ਰਸਾਦ ਦਿਵੇਦੀ ਨੇ ਹਿੰਦੀ ਨਾਟਕ ਦੀ ਪ੍ਰਾਚੀਨਤਾ ਤੇ ਬਲ ਦਿੰਦੇ ਹੋਏ ਸਪੱਸ਼ਟ ਕੀਤਾ ਕਿ ਜੇਕਰ ਹਿੰਦੀ ਨਾਟਕਾਂ ਵਿਚ ਨਵੇਂ ਢੰਗ ਦੇ ਨਾਟਕ ਹੁਣੇ ਲਿਖੇ ਗਏ ਹਨ ਤਾਂ ਇਸਤਾ ਮਤਲਬ ਇਹ ਨਹੀਂ ਕਿ ਹਿੰਦੀ ਨਾਟਕਾਂ ਦੀ ਪਰੰਪਰਾ ਹੁਣੇ ਸ਼ੁਰੂ ਹੋਈ ਹੈ। ਹਿੰਦੀ ਨਾਟਕ ਵਿਚ ਵੀ ਸੰਸਕ੍ਰਿਤ ਨਾਟਕ ਵਾਂਗ, ਯੂਨਾਨੀ ਦੁਖਾਂਤ ਨਾਟਕ ਵਾਲੇ ਸਾਰੇ ਲੱਛਣ ਉਪਲਬਧ ਹਨ। ਹਿੰਦੀ ਨਾਟਕ ਸਾਹਿਤ ਵਿਚ ਕਰੁਣਾ ਪ੍ਰਧਾਨ ਨਾਟਕ ਮਿਲਦੇ ਹਨ। ਹਿਰਦੇ ਰਾਮ ਕ੍ਰਿਤ 'ਹਨੂੰਮਾਨ ਨਾਟਕ', ਕ੍ਰਿਸ਼ਨ ਜੀਵਣ ਲੱਛੀ ਰਾਮ ਰਚਿਤ 'ਕਰੁਣਾਤਰਣ', ਨਿਵਾਜ ਕ੍ਰਿਤ 'ਸ਼ਕੁੰਤਲਾ ਉਪਖਿਆਨ' ਇਹ ਹਰੀਸ਼ ਚੰਦਰ ਤੋਂ ਪਹਿਲਾਂ ਕਰੁਣਾ ਪ੍ਰਧਾਨ ਨਾਟਕ ਹਨ। 'ਹਨੂੰਮਾਨ ਨਾਟਕ' ਦੇ ਅੰਤਰਗਤ ਰਾਮ ਅਤੇ ਸੀਤਾ ਦਾ ਜੀਵਨ ਦੂਸਰਿਆਂ ਲਈ ਜਿੰਨਾਂ ਜ਼ਿਆਦਾ ਸੁਖਮਈ ਪ੍ਰਤੀਤ ਹੁੰਦਾ ਹੈ, ਉਨ੍ਹਾਂ ਦੇ ਆਪਣੇ ਲਈ ਤ੍ਰਾਸ ਦਾ। ਇਸ ਨਾਟਕ ਵਿਚ ਰਾਮ ਨੂੰ ਅਤਿਅੰਤ ਸ਼ਕਤੀਸ਼ਾਲੀ ਰੂਪ ਦਰਸਾਇਆ ਗਿਆ ਹੈ।ਉਹ ਆਪਣੇ ਆਪ ਅਤਿਅੰਤ ਪ੍ਰਬਲ ਤੇ ਪ੍ਰਤਾਪੀ ਸਮਝਦਾ ਹੈ। ਇਸ ਨਾਟਕ ਵਿਚ ਪਾਤਰ ਪੁਰਾਤਨ ਹਨ। ਕਰੁਣਾ, ਭੈ, ਤ੍ਰਾਸ ਨਾਟਕ ਵਿਚ ਮੂਰਤੀਮਾਨ ਹੋ ਰਹੇ ਹਨ। ਨਾਇਕ ਦੀ ਨੈਤਿਕ ਤਰੁੱਟੀ ਸਰੂਪ ਨਖਾ ਦਾ ਨੱਕ ਕਟਵਾ ਲੈਣਾ ਹੈ। ਰਾਵਣ ਨੂੰ ਨੈਤਿਕ ਤਰੁੱਟੀ ਕਾਰਨ ਭਿਅੰਕਰ ਤ੍ਰਾਸਦ ਪਰਿਣਾਪ ਨੂੰ ਭੋਗਣਾ ਪੈਂਦਾ ਹੈ। ਕੈਲਾਸ਼ਪਤੀ ਓਝਾ ਅਨੁਸਾਰ, "ਕਰੁਣਾ ਭਰਪੂਰ ਤੱਤਾਂ ਨਾਲ ਭਰਪੂਰ ਹਿੰਦੀ ਸਾਹਿਤ ਦਾ ਪਹਿਲਾਂ ਨਾਟਕ ਹੈ। ਕ੍ਰਿਸ਼ਨ ਜੀਵਣ ਲੱਛੀ ਰਾਮ ਰਚਿਤ 'ਕਰੁਣਾਤਰੁਣ' ਨਿਵਾਜ ਰਚਿਤ, 'ਸ਼ਕੁੰਤਲਾ ਉਪਖਿਆਨ', ਹਰੀਸ਼ ਚੰਦਰ ਰਚਿਤ 'ਸਤਯ ਹਰਿ ਮਛੰਦਰ', ਨਿਵਾਸ ਦਾਸ ਰਚਿਤ 'ਸੁਪਤ ਸਰਵਣ' ਅਜਿਹੇ ਹੀ ਕਰੁਣਾ ਭਾਰਪੂਰ ਨਾਟਕ ਹਨ ਜਿਨ੍ਹਾਂ ਦੇ ਵਿਸ਼ੇ ਪੁਰਾਤਨ ਹਨ। ਡਾ. ਸੋਮਨਾਥ ਗ਼ੁਪਤਾ ਨੇ 'ਕਰੁਣਤਰੁਣ' ਵਿਚ ਸ਼ਿੰਗਾਰ ਦੇ ਅੰਤਰਗਤ ਬਿਰਹਾ ਆਦਿ ਭਾਵਾਂ ਨੂੰ ਕਰੁਣਾਰਸ ਦਾ ਚੰਗਾ ਨਿਰਬਾਹ ਮੰਨਿਆ ਹੈ, ਕਰੁਣਾ ਰਸ ਇਸਦਾ ਪ੍ਰਧਾਨ ਰਸ ਹੈ।

ਜਿਵੇਂ ਪੱਛਮੀ ਅਤੇ ਸੰਸਕ੍ਰਿਤ ਨਾਟਕ-ਸਾਹਿਤ ਦੇ ਅੰਤਰਗਤ ਪੌਰਾਣਿਕ ਅਤੇ ਆਦਰਸ਼ਮੁਖੀ ਵਿਸ਼ਿਆਂ ਨੂੰ ਤਿਲਾਂਜਲੀ ਦੇ ਦਿੱਤੀ ਗਈ, ਇਤਿਹਾਸ ਪ੍ਰਸਿੱਧ ਵਿਅਕਤਿਤਵ ਨੂੰ ਲੈ ਕੇ ਦੁਖਾਂਤ ਰਚਨਾ ਕੀਤੀ ਗਈ, ਤਿਵੇਂ ਹੀ ਭਾਸ਼ਾ ਸ਼ੈਲੀ ਪ੍ਰਤੀ ਵੀ ਨਵੀਨ ਮਾਨਤਾਵਾਂ ਪ੍ਰਗਟ ਹੋਈਆਂ। ਨਿਵਾਸ ਦਾਸ ਰਚਿਤ 'ਰਣਧੀਰ ਪ੍ਰੇਮ ਮੋਹਿਨੀ', 'ਜਯ ਸ਼ੰਕਰ ਪ੍ਰਸਾਦ ਰਚਿਤ 'ਵਿਸਾਖ', ਮੁਨਸ਼ੀ ਪ੍ਰੇਮ ਚੰਦ ਰਚਿਤ 'ਕਰਬਲਾ' ਹਰਕਿਸ਼ਨ ਪ੍ਰੇਮ ਰਚਿਤ 'ਸਵਪਨ ਭੰਗ', ਉਪੇਂਦਰ ਨਾਥ ਅਸ਼ਕ ਰਚਿਤ 'ਜਯ ਪਰਾਜਯ', ਬਰਦਾਵਨ ਲਾਲ ਵਰਮਾ ਰਚਿਤ 'ਝਾਂਸੀ ਕੀ ਰਾਣੀ', ਮੋਹਨ ਰਾਕੇਸ਼ ਰਚਿਤ 'ਆਹਾੜ ਕੇ ਢਾਈ ਦਿਨ' ਅਜਿਹੇ ਹੀ ਕਰੁਣਾਤਮਕ ਹਿੰਦੀ ਨਾਟਕ ਹਨ।

ਬਦਰੀ ਨਾਥ ਰਚਿਤ 'ਕਰੁਬਨਦਰਨ', ਸੰਸਕ੍ਰਿਤ ਨਾਟਕ 'ਬੇਣੀ ਸੰਹਾਰ' ਦਾ ਰੂਪਾਂਤਰਤ ਰੂਪ ਹੈ।ਉਦੈ ਸ਼ੰਕਰ ਰਚਿਤ 'ਵਿਦਰੋਹਨੀ ਅੰਬਾ' ਅਜਿਹਾ ਹੀ ਦੁਖਾਂਤ ਨਾਟਕ ਹੈ ਜਿਸ ਵਿਚ ਘਟਨਾ ਮਹਾਂਭਾਰਤ ਵਿਚੋਂ ਲਈ ਗਈ ਹੈ। ਆਧੁਨਿਕ ਵਿਚਾਰ ਪੇਸ਼ ਕੀਤੇ ਗਏ ਹਨ। ਗੋਬਿੰਦ ਵੱਲਭ ਰਚਿਤ 'ਵਰਮਾਲਾ', ਧਰਮਵੀਰ ਭਾਰਤੀ ਰਚਿਤ 'ਅੰਧਾ ਯੁਗ', ਰਾਮਧਾਰੀ ਸਿੰਘ ਦਿਨਕਰ ਰਚਿਤ 'ਉਰਵਸ਼ੀ' ਆਦਿ ਅਜਿਹੇ ਹੀ ਦੁਖਾਂਤ ਨਾਟਕ ਹਨ ਜੋ ਕਿ ਪੌਰਾਣਿਕ ਘਟਨਾਵਾਂ ਨੂੰ ਨਵੀਨ ਸ਼ੈਲੀ ਵਿਚ ਪ੍ਰਸਤੁਤ ਕਰਦੇ ਹਨ।

ਯਥਾਰਥਵਾਦੀ ਲਹਿਰ ਤੋਂ ਸਾਹਿਤ ਪੂਰੀ ਪ੍ਰਭਾਵਿਤ ਹੋਇਆ।ਹਰ ਸਾਹਿਤਕ ਵਿਧਾ ਤੇ ਯਥਾਰਥਵਾਦ ਦਾ ਪ੍ਰਭਾਵ ਪ੍ਰਤੱਖ ਰੂਪ ਹੈ। ਸੰਸਕ੍ਰਿਤ ਦੁਖਾਂਤ ਨਾਟਕ ਵਿਚ ਯਥਾਰਥਵਾਦ ਦਾ ਪ੍ਰਭਾਵ ਬੜਾ ਧੁੰਦਲਾ ਜਿਹਾ ਹੈ। ਹਿੰਦੀ ਦੁਖਾਂਤ ਨਾਟਕ ਵੀ ਇਸ ਲਹਿਰ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੈ। ਸਮਾਜਿਕ ਸਮੱਸਿਆਵਾਂ ਨੂੰ ਲੈ ਕੇ ਵਿਅਕਤੀਗਤ ਸੰਘਰਸ਼ ਨੂੰ ਚਿਤਰਿਆ ਗਿਆ। ਲਕਸ਼ਮੀ ਨਾਰਾਇਣ ਰਚਿਤ 'ਸਿੰਦੂਰ ਕੀ ਹੋਲੀ', ਤ੍ਰਿਲੋਚਨ ਪਾਲ ਰਚਿਤ, 'ਹਿੰਸਾ ਯਾ ਅਹਿੰਸਾ', ਹਰਿਕ੍ਰਿਸ਼ਨ ਪ੍ਰੇਮੀ ਰਚਿਤ 'ਮਮਤਾ', ਉਦੈ ਸ਼ੰਕਰ ਭੱਟ ਰਚਿਤ 'ਪਾਰਬਤੀ' ਕਮਲੇਸ਼ਵਰ ਰਚਿਤ 'ਅਧੂਰੀ ਆਵਾਜ', ਸ਼ੀਲ ਰਚਿਤ 'ਤੀਨ ਦਿਨ' ਅਜਿਹੇ ਹੀ ਦੁਖਾਂਤ ਨਾਟਕ ਹਨ ਜੋ ਕਿ ਸਮਕਾਲੀ ਸਮਾਜਿਕ ਸਮੱਸਿਆਵਾਂ ਨੂੰ ਆਧਾਰ ਬਣਾ ਕੇ ਰਚੇ ਗਏ।

ਹਿੰਦੀ ਦੁਖਾਂਤ ਨਾਟਕ ਦੀ ਵੀ, ਪੱਛਮੀ ਦੁਖਾਂਤ ਨਾਟਕ ਤੇ ਸੰਸਕ੍ਰਿਤ ਕਰੁਣਾਤਮਕ ਨਾਟਕ ਵਾਂਗ ਮੌਲਿਕ ਪਰੰਪਰਾ ਰਹੀ ਹੈ ਜੋ ਕਿ ਸਮੇਂ-ਸਮੇਂ ਤੇ ਹੋਰਨਾਂ ਪਰੰਪਰਾਵਾਂ ਤੋਂ ਪ੍ਰਭਵਿਤ ਹੁੰਦੀ ਤੇ ਵਿਕਾਸ ਕਰਦੀ ਰਹੀ ਹੈ।

## ਪੁਸਤਕ-ਸੂਚੀ :-

1. ਦਸ਼ਰਥ ਓਝਾ, ਹਿੰਦੀ ਨਾਟਕ ਉਦਭਵ ਤੇ ਵਿਕਾਸ
2. ਗ਼ੁਲਾਬ ਰਾਏ, ਹਿੰਦੀ ਨਾਟਕ ਸਿਧਾਂਤ
3. ਵਿਸ਼ਵਨਾਥ ਮਿਸ਼ਰ, ਭਾਰਤੀ ਨਾਟਕ ਪਰੰਪਰਾ ਤੇ ਹਿੰਦੀ ਨਾਟਕ
4. ਗ਼ੁਲਾਬ ਰਾਏ, ਹਿੰਦੀ ਨਾਟਕ ਵਿਮਰਸ਼
5. ਕੈਲਾਸ਼ਪਤੀ ਓਝਾ, ਹਿੰਦੀ ਤ੍ਰਾਸਦੀ ਸਿਧਾਂਤ ਔਰ ਪਰੰਪਰਾ